# ਬਲੈਕ ਹੋਲ

**-ਲੰਮੀ ਕਵਿਤਾ**

## ਲੇਖਕ ਦੀਆਂ ਹੋਰ ਪੁਸਤਕਾਂ

- ਬਹੁਤ ਦੇਰ ਹੋਈ (ਕਵਿਤਾਵਾਂ)–1990
- ਮਨੋਵੇਗ (ਕਵਿਤਾਵਾਂ)–2000
- ਸਾਹਾਂ ਦੀ ਸਰਗਮ (ਕਵਿਤਾਵਾਂ)–2003
- ਬਰਤਾਨਵੀ ਕਵਿਤਾ ਦੇ ਪਛਾਣ ਚਿੰਨ੍ਹ–(ਸਮੀਖਿਆ)–2002
- ਸਮਤਾ ਦੇ ਸਮਰਥਕ–ਡਾ: ਅੰਬੇਦਕਰ (ਵਸੰਤ ਮੂਨ) (ਅਨੁਵਾਦ)–2003
- ਕਾਲੇ ਪਾਣੀ ਦਾ ਇਤਿਹਾਸਕ ਦਸਤਾਵੇਜ਼ (ਰਾਮ ਚਰਨ ਲਾਲ ਸ਼ਰਮਾ) (ਅਨੁਵਾਦ)–2004
- ‘ਕਫ਼ਣ’ (ਮੁਣਸ਼ੀ ਪ੍ਰੇਮ ਚੰਦ) (ਅਨੁਵਾਦ)–2004
- ਕਲਪਨਾ ਚਾਵਲਾ (ਸੁਬੋਧ ਮੋਹੰਤੀ) (ਅਨੁਵਾਦ)–2006
- ਇਕ ਸੁਪਨਾ ਇਕ ਸੰਵਾਦ (ਲੰਮੀ ਕਵਿਤਾ)–2006
- ਇਕ ਸੁਪਨਾ ਇਕ ਸੰਵਾਦ (ਹਿੰਦੀ)–2008

# ਬਲੈਕ ਹੋਲ

(ਲੰਮੀ ਕਵਿਤਾ)

ਲਖਵਿੰਦਰ ਜੌਹਲ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

**BLACK HOLE**

*Long Poem by* **Dr. Lakhvinder Johal**

Programme Executive
Doordarshan Kendra
Jalandhar.

20/75 Garden Colony
Model Town Jalandhar 144003
094171-94812

e-mail : lakhvinderjohal@yahoo.com

**First Edition - 2009**

© **Lakhvinder Johal**

**Publishers**
Chatna Parkashan,
Punjabi Bhawan, Ludhiana

**Title -** Gurdish

**Typesetting -** Harish Kumar

**Price** : Rs. 50/- Paper Back
Rs. 100/- Delux

*ਗੁੰਮ ਰਹੇ ਮਾਨਵੀ ਸਰੋਕਾਰਾਂ*
*ਦੀ ਤਲਾਸ਼ ਵਿਚ ਜੁੱਟੇ*
*ਹਮਸਫ਼ਰਾਂ ਲਈ...*

# 'ਬਲੈਕ ਹੋਲ' ਤੋਂ ਪਹਿਲਾਂ

ਪਿਛਲੀ ਸਦੀ ਦਾ ਆਖ਼ਰੀ ਦਹਾਕਾ ਸੰਸਾਰ ਇਤਿਹਾਸ ਵਿਚ ਅਜਿਹੀਆਂ ਤਬਦੀਲੀਆਂ ਲੈ ਕੇ ਆਇਆ, ਜਿਨ੍ਹਾਂ ਨੇ ਮਾਨਵੀ ਸਮਝ ਨੂੰ ਚਮਤਕਾਰੀ ਹੱਦਾਂ ਤੱਕ ਝੰਜੋੜ ਦਿੱਤਾ ਹੈ। ਸੰਸਾਰੀਕਰਨ ਅਤੇ ਉਦਾਰੀਕਰਨ ਦੇ ਤਲਿਸਮ ਨੇ ਸਾਰੀ ਲੋਕਾਈ ਨੂੰ ਪੂੰਜੀ-ਪ੍ਰਬੰਧਾਂ ਦੀ ਇਕ ਬਰੀਕ ਤੰਦ ਨਾਲ ਜਕੜ ਕੇ ਬਿਨਾਂ ਪ੍ਰਭੂਸੱਤਾ ਖੋਹਿਆਂ ਹੀ ਵਿਭਿੰਨ ਦੇਸ਼ਾਂ-ਰਾਸ਼ਟਰਾਂ ਨੂੰ ਇਕ ਅਜਿਹੇ ਆਰਥਕ ਕਾਲ-ਚੱਕਰ ਵਿਚ ਲਪੇਟ ਲਿਆ ਹੈ ਕਿ ਕੌਮਾਂ ਅਤੇ ਰਾਸ਼ਟਰਾਂ ਦੀ ਸੱਭਿਆਚਾਰਕ ਪਛਾਣ ਕਾਟੇ ਹੇਠ ਆ ਗਈ ਹੈ। ਨਵਾਂ ਯਥਾਰਥ ਏਨਾ ਗੁੰਝਲਦਾਰ ਹੈ ਕਿ ਇਹ ਮਨੁੱਖ ਨੂੰ ਤੇਜ਼ੀ, ਕਾਹਲ, ਉਤਸੁਕਤਾ, ਬੇਚੈਨੀ ਅਤੇ ਅਰਾਜਕਤਾ ਵੱਲ ਧਕੇਲਦਾ ਹੋਇਆ ਇਕ ਵਿਰਾਟ ਭਟਕਣ ਪ੍ਰਦਾਨ ਕਰਦਾ ਨਜ਼ਰ ਆ ਰਿਹਾ ਹੈ। ਅੱਜ ਦਾ ਮਨੁੱਖ 'ਸਭ ਕਿਸਮ ਦੇ ਸੁੱਖਾਂ' ਦੀ ਪ੍ਰਾਪਤੀ ਲਈ ਥਾਂ ਥਾਂ ਭਟਕਦਾ ਹੋਇਆ ਤਕਨਾਲੋਜੀ ਅਤੇ ਪਦਾਰਥਕ ਵਿਕਾਸ ਦਾ ਗ਼ੁਲਾਮ ਬਣਦਾ ਜਾ ਰਿਹਾ ਹੈ।

ਵਿਭਿੰਨ ਸੱਭਿਆਚਾਰਾਂ-ਸਮਾਜਾਂ ਦੇ ਸਾਹਿਤ, ਕੋਮਲ ਕਲਾਵਾਂ ਅਤੇ ਚਿੰਤਨ ਗਲੋਬਲੀ ਤਲਿਸਮ ਦੇ ਮੁਲੰਮੇ ਹੇਠ ਆਪਣੀ ਪਛਾਣ ਗੁਆ ਰਹੇ ਹਨ। ਇਹ ਸਵਾਲ ਬਹੁਤ ਗਹਿਰੀ ਤਰ੍ਹਾਂ ਉਤਪੰਨ ਹੋ ਰਿਹਾ ਹੈ ਕਿ ਸਰਬਪੱਖੀ

ਮਾਨਵੀ-ਵਿਕਾਸ ਵਿਚ ਅਜਿਹੇ ਵਿਕਾਸ ਦੀ ਭੂਮਿਕਾ ਕੀ ਹੈ? ਇਸ ਦੀ ਚਿੰਤਨਸ਼ੀਲਤਾ ਦੀ ਪਛਾਣ ਕੀ ਹੈ? ਵਰਤਮਾਨ ਸਮੱਸਿਆਵਾਂ ਨਾਲ ਸੰਵਾਦ ਰਚਾਉਣਾ ਅਤੇ ਚਿੰਤਨ ਕਰਨਾ ਅੱਜ ਦੀ ਲੋੜ ਹੈ।

ਪੰਜਾਬੀ ਜਨਜੀਵਨ ਅਤੇ ਸੱਭਿਆਚਾਰਕ ਸੰਰਚਨਾਵਾਂ ਵਿਚ ਕਵਿਤਾ ਦੀ ਸਪੇਸ ਨੂੰ ਸਮਝਣਾ ਅਤੇ ਅੰਕਤ ਕਰਨਾ ਇਕ ਵੰਗਾਰ ਵਾਂਗ ਹੈ। ਨਵੀਂ ਕਵਿਤਾ ਦੀ ਪਰੰਪਰਕ ਵਿਆਕਰਨ ਨੂੰ ਤੋੜ ਰਹੀ ਇਸ ਕਵਿਤਾ ਕੋਲ ਸਮਾਜਕ-ਸੱਭਿਆਚਾਰਕ-ਗਲੋਬਲੀ ਗੁੰਝਲਾਂ ਨੂੰ ਸਮਝਣ ਦੀ ਸੋਝੀ ਹੈ-ਜਿਹੜੀ ਕਵਿਤਾ ਦੀ ਵਿਧਾ ਨੂੰ ਨਵੀਆਂ ਵਿਧੀਆਂ ਰਾਹੀਂ ਵਿਸਤਾਰਨ ਦੀ ਜੁਗਤ ਦੇ ਰਹੀ ਹੈ।

ਇਸ ਸੰਦਰਭ ਵਿਚ ਲੰਮੀ ਕਵਿਤਾ ਦਾ ਪੁਨਰ-ਉਥਾਨ ਨਵੀਂ ਪੰਜਾਬੀ ਕਵਿਤਾ ਦੇ ਸਮਕਾਲੀ ਚਿਤਰਪਟ ਉੱਤੇ ਇਕ ਨਿਵੇਕਲਾ ਮਰਹੱਲਾ ਹੈ ਜਿਹੜਾ ਮਹਾਂ ਕਾਵਿ ਅਤੇ ਕਿੱਸਾ ਕਾਵਿ ਦੀ ਬਿਰਤਾਂਤਕ ਵਿਧੀ ਨੂੰ ਫਿਰ ਇਕ ਨਵਾਂ ਪਾਸਾਰ ਪ੍ਰਦਾਨ ਕਰ ਰਿਹਾ ਹੈ। ਪੁਨਰ ਸਿਰਜਤ ਹੋ ਰਹੀ ਇਹ ਵਿਧਾ ਚਿੰਤਨਸ਼ੀਲਤਾ ਦੇ ਨਵੇਂ ਆਯਾਮ ਖੋਲ੍ਹ ਰਹੀ ਹੈ। ਵਿਚਾਰਧਾਰਾ ਦੀ ਕਾਵਿਕ ਸਿਰਜਣਾ ਦਾ ਇਹ ਮਾਡਲ ਆਪਣੀ ਵੱਖਰੀ ਪਛਾਣ ਸਥਾਪਤ ਕਰ ਰਿਹਾ ਹੈ।

'ਬਲੈਕ ਹੋਲ' ਗਲੋਬਲੀ ਕਾਲ-ਚੱਕਰ ਦੀਆਂ ਚੁਣੌਤੀਆਂ ਨਾਲ ਜੂਝ ਰਹੇ ਮਾਨਵੀ ਸਰੋਕਾਰਾਂ ਨੂੰ ਨਿਹਾਰਨ ਦਾ ਸਫ਼ਰ ਹੈ। ਇਸ ਸਫ਼ਰ ਦੀਆਂ ਅਸੀਮ ਦਿਸ਼ਾਵਾਂ ਹੋ ਸਕਦੀਆਂ ਹਨ। ਇਹ ਕਾਲ ਚੱਕਰ ਉਸ ਬ੍ਰਹਿਮੰਡੀ ਵਰਤਾਰੇ ਵਾਂਗੂ ਦਿਸ ਰਿਹਾ ਹੈ, ਜਿਥੇ ਅਦਿਖ ਸ਼ਕਤੀ ਬਲੈਕ ਹੋਲ ਸੂਰਜਾਂ ਨੂੰ ਵੀ ਆਪਣੇ ਅੰਦਰ ਸੋਖ ਲੈਂਦੀ ਹੈ ਅਤੇ ਆਕਾਸ਼ ਗੰਗਾਵਾਂ ਦੇ ਕੇਂਦਰ ਦੀ ਇਸ ਅੰਨ੍ਹੀ ਗੁਫ਼ਾ ਦਾ ਹਨ੍ਹੇਰ ਸੂਰਜਾਂ ਦੀ ਰੌਸ਼ਨੀ ਲਈ ਵੀ ਹਮੇਸ਼ਾ ਰਹੱਸਮਈ ਬਣਿਆ ਰਹਿੰਦਾ ਹੈ। ਬਦਲ ਰਹੀਆਂ ਸੰਸਾਰ ਪ੍ਰਸਥਿਤੀਆਂ ਵਿਚ ਬਦਲ ਰਹੇ ਮਾਨਵੀ ਸਰੋਕਾਰ ਕਿਸ ਪਾਸੇ ਰੁਖ਼ ਕਰਨਗੇ, ਇਸ ਨੂੰ ਨਿਹਾਰਨ ਦਾ ਅਮਲ ਹੈ ਇਹ ਲੰਮੀ ਕਵਿਤਾ।

ਜਨਵਰੀ 2009 **-ਲਖਵਿੰਦਰ ਜੌਹਲ (ਡਾ.)**

# ਬਲੈਕ ਹੋਲ

ਬਦਲ ਰਹੀ ਹੈ ਪਰਿਭਾਸ਼ਾ
ਸੱਤਾ ਦੀ
ਸੰਸਕ੍ਰਿਤੀ ਦੀ
ਸੁਪਨਿਆਂ ਦੀ

ਬਦਲ ਰਹੀ ਹੈ ਭਾਸ਼ਾ
ਘਰਾਂ ਦੀ
ਦਰਾਂ ਦੀ
ਦੀਵਾਰਾਂ ਦੀ

ਬਦਲ ਰਹੀ ਹੈ ਆਭਾ
ਦਰਦ ਦੀ
ਤਨਾਂ ਦੀ
ਮਨਾਂ ਦੀ

ਬਦਲ ਰਹੀ ਹੈ ਸੋਚ
ਰੰਗ
ਢੰਗ
ਜੀਣ ਦਾ
ਥੀਣ ਦਾ



ਸੌਂ ਰਹੇ ਸੁਪਨੇ
ਜਾਗ ਰਹੇ ਦਰਦ
ਜਜ਼ਬੇ ਮਰ ਰਹੇ
ਕਰ ਰਹੇ ਖ਼ੁਦਕਸ਼ੀ
ਅਰਮਾਨ ਸਾਰੇ—
ਕੁਝ ਕਰਨ ਦੇ
ਦੁੱਖ ਹਰਨ ਦੇ—

ਸੁਪਨੇ...
ਤੋੜ ਤੋੜ ਤਾਰੇ
ਜੇਬਾਂ ਭਰਨ ਦੇ...

ਖਿਆਲ...
ਖੋ ਰਹੇ
ਦੂਰ ਜੰਗਲਾਂ ਵਿੱਚ
ਸਾਗਰਾਂ ਵਿੱਚ
ਦਰਿਆਵਾਂ ਦੇ ਕਿਨਾਰੇ
ਟਹਿਲ ਰਹੇ ਖਿਆਲ
ਨਾਲ ਨਾਲ ਪੁਰਖਿਆਂ ਦੇ
ਕਰ ਰਹੇ ਕੋਈ ਗ਼ੁਫ਼ਤਗੂ

ਵੇਦ-ਪੌਰਾਣ-ਉਪਨਿਸ਼ਦ
ਚਲ ਰਹੇ ਨੇ ਨਾਲ ਨਾਲ
ਅਨੇਕ ਰੰਗ

ਸੈਆਂ ਰੂਪ
ਧਾਰਦਾ ਅਤੀਤ
ਕਰ ਰਿਹਾ ਸੰਵਾਦ
ਵਰਤਮਾਨ ਨਾਲ...
.....................
ਵਰਤਮਾਨ
ਅੱਗੇ ਅੱਗੇ ਦੌੜਦਾ
ਸੰਵਾਦ ਦੀ
ਸੀਮਾ ਤੋਂ ਦੂਰ
.....................
.....................

ਭਟਕਦੀ ਹੈ ਸੋਚ
        ਨੇਰ੍ਹ ਸੰਘਣਾ...
        .....................
        ਦਰਕਾਰ
        ਮੁੜ ਮੁੜ ਸੋਚਣਾ
        ਨਿਹਾਰਨਾ
        ਆਪਣੇ ਹੀ ਆਪ ਨੂੰ
        .....................

ਆਪਣੇ ਵਲ਼
ਖੁਲ੍ਹਦੀਆਂ ਸਭ ਬਾਰੀਆਂ
        ਵਿਚਾਰੀਆਂ



        .....................
        .....................
        ਬੰਦ
        ਹੋਈਆਂ ਅੰਨ੍ਹੀਆਂ
        .....................
        .....................
ਅੰਨ੍ਹੀਆਂ ਪਗਡੰਡੀਆਂ 'ਤੇ
ਚਮਕਦੀ ਹੈ ਪੈੜ ਕੋਈ...
.........................
ਤੁਰ ਰਿਹਾ ਹੈ
'ਚਾਰਵਾਕ'
ਹੌਲੀ ਹੌਲੀ...
ਧੁੰਦਲੇ ਆਕਾਰ ਉਸ ਦੇ
        ਨਕਸ਼ ਉਸ ਦੇ...
ਕਰ ਰਹੇ ਨੇ ਗੁਫ਼ਤਗੂ
ਗਯਾ 'ਚ ਬੈਠੇ
ਬੁੱਧ ਨਾਲ...
.........................
.........................
ਭਿਖਸ਼ੂਆਂ ਦਾ ਕਾਫ਼ਲਾ ਫਿਰ
ਖਿੰਡ ਰਿਹਾ ਹੈ
ਚਹੁੰ ਦਿਸ਼ਾਵੀਂ...
.........................

ਨਾਥ ਜੋਗੀ
ਗੁਰੂ ਨਾਨਕ
ਕਰ ਰਹੇ ਸੰਵਾਦ ਫੇਰ...
.........................
ਜੋਗ...
ਉਦਾਸੀ
ਸ਼ਬਦ
ਨਾਮੁ...
.........................
.........................
ਮੁਕਤੀ...
.........................
ਨਾਦ ਗੂੰਜਦਾ
ਫਿਰ ਚਹੁੰ ਪਾਸੀਂ...
.........................
.........................

ਸੁਣ ਰਿਹਾ ਹਾਂ
ਵੇਖਦਾ ਹਾਂ...
ਮੂਕ ਮੈਂ...
.........................
ਕਰ ਰਿਹਾ ਹਾਂ
ਪੈੜ ਨੂੰ–
ਪਗਡੰਡੀਆਂ ਨੂੰ



ਸੌ ਸਵਾਲ... ਚੁੱਪ ਚਾਪ...?
.........................
ਕੰਨ ਮੇਰੇ
ਵਜਦ ਵਿਚ ਨੇ...
ਪੈਰ ਮੇਰੇ ਤਾਲ ਤਾਲ...

ਬੰਦ ਅੱਖਾਂ...
ਫਿਰ ਅਚਾਨਕ
ਖੁੱਲ੍ਹੀਆਂ...
.........................
ਕੁਝ ਕਹਿਣ ਕਹਿਣ
ਕਰਦੀਆਂ ਨੇ ਬੁੱਲ੍ਹੀਆਂ
.........................
.........................
ਬੁੱਲ੍ਹੀਆਂ 'ਚੋਂ ਸਿੰਮਦੇ
ਜੋ ਸ਼ਬਦ ਨੇ
ਛਾਲੇ ਨਿਰੇ
.........................
ਛਾਲੇ ਸਾਰੇ............
.........................
ਮੌਨ ਨੇ.................
.........................
.........................
.........................

.........................
.........................
ਦੂਰ ਗਹਿਰੇ ਜੰਗਲਾਂ ਵਿਚ
ਚਮਕਦੀ ਕੋਈ ਪੈੜ ਦਿਸਦੀ
.........................
ਮੰਦ ਮੰਦ ਮੁਸਕਾ ਰਹੇ
ਰਸਤੇ ਜਿਵੇਂ ........
ਚਮਕਦੇ ਮੋਤੀ ਕਿਵੇਂ

ਨਜ਼ਰ ਨੂੰ ਚੁੰਧਿਆ ਰਹੇ?
ਇਹ ਰਾਹ
ਕਿੱਥੋਂ ਆ ਰਹੇ?
ਇਹ ਰਾਹ
ਕਿੱਥੇ ਜਾ ਰਹੇ?
ਰਾਹਾਂ 'ਚ
ਸਿਰਫ਼ ਧੂੜ ਹੈ
        ਧੁੰਦ ਹੈ
ਧੁੰਦ ਵਿਚੋਂ
ਪੈ ਰਿਹਾ ਝਾਉਲਾ ਜਿਹਾ
.........................
.........................
.........................
ਚੁਗ ਰਿਹਾ ਮੋਤੀ ਦਿਸੇ
ਚੰਗੇਜ਼ ਖਾਨ...



ਨਾਲ ਉਸ ਦੇ
ਦਿਸ ਰਿਹਾ
ਅਬਦਾਲੀ ਬੇਲੇ ਘੁੰਮਦਾ

ਭਰ ਭਰ ਭੱਥੇ ਆਂਵਦੇ
ਪੱਛਮ ਕਦੇ-ਪੂਰਬ ਕਦੇ

ਝੋਲੀ ਭਰ ਭਰ
ਜਾਂਵਦੇ...
ਪੱਛਮ ਕਦੇ-ਪੂਰਬ ਕਦੇ....
.........................
ਦਿਸੇ ਮੈਨੂੰ
ਦੂਰ ਤੀਕਰ...
ਸੁਣੇ ਮੈਨੂੰ
ਦਗੜ ਦਗੜ

ਘੋੜਿਆਂ ਦੀ ਹਿਣਕ
ਤੋਪਾਂ ਚਲਦੀਆਂ
ਹਾਥੀਆਂ ਦੀ ਪੈੜ
ਫਿਰ ਚੰਗਾੜਦੀ
ਸਿਰਾਂ ਅੰਦਰ
ਫੈਲਦਾ ਜਾਏ ਸਨਾਟਾ
ਦੂਰ ਤੀਕ...

ਬਦਲਦਾ ਹੈ ਰੰਗ
ਕਿੰਨੇ ਸਾਮਰਾਜ?

ਛਾ ਰਿਹਾ ਮਾਤਮ ਚੁਫੇਰ
ਵਕਤ ਦਾ ਕੀ ਹੇਰ ਫੇਰ...?

ਅੱਗ ਲੈਣ ਆਉਣ ਵਾਲੇ
ਬੈਠ ਜਾਣ ਇਥੇ ਜਦੋਂ
ਆਪਣਾ ਹੀ ਘਰ ਬਣਾ ਕੇ...
ਫੇਰ ਕੀ?

ਪੁੱਛਦਾ ਹੈ ਸੌ ਸਵਾਲ
ਫਿਰ ਅਤੀਤ..........
.........................
ਪੁੱਛਦਾ ਹੈ ਸੌ ਸਵਾਲ
ਵਰਤਮਾਨ...।

ਦੇਸ਼ ਮੇਰਾ...
ਬਣ ਗਿਆ ਕਿੱਦਾਂ ਵਿਦੇਸ਼?
.........................
.........................
ਆਦਮੀ ਦੇ ਅੰਦਰੋਂ ਹੀ
ਪਸ਼ੂ ਕਿਵੇਂ ਪੈਦਾ ਹੋਇਆ?
ਦੈਂਤ ਰਿਹਾ ਬੇਲਿਆਂ 'ਚ



ਫਿਰਦਾ ਚੰਗਾੜਦਾ...
ਜ਼ਰ੍ਹਾ ਜ਼ਰ੍ਹਾ ਜ਼ਹਿਰ ਹੋਇਆ
ਦਿਨ ਦੀਵੀਂ ਕਹਿਰ ਹੋਇਆ
.........................
.........................
ਕੋਈ ਨਹੀਂ
ਕਿਸੇ ਨੂੰ ਪਛਾਣਦਾ...?
.........................?
? ? ? ? ? ? ? ?
.........................
ਨਾ ਜਾਣਦਾ?
.........................
.........................
.........................
.........................
ਬੁੱਲ੍ਹ ਮੇਰੇ
.........................
ਕੰਨ ਮੇਰੇ
.........................
ਮੇਰੀਆਂ ਅੱਖਾਂ ਦੇ ਮੰਜ਼ਰ
ਹੋਰ ਨੇ...
ਹੋਰ ਹੀ ਹਾਲਾਤ
ਕਰਵਟ ਲੈ ਰਹੇ...?
.....................?

ਫਰਕਦੇ ਨੇ ਬੁੱਲ੍ਹ ਮੇਰੇ
ਲਗਾਤਾਰ...
.........................
.........................
.........................
ਲਗਾਤਾਰ...
.........................
.........................

ਫਰਕਣ
ਚੁਫ਼ੇਰੇ ਫੈਲਦੀ
ਆਵਾਜ਼-ਹੀਣ
ਰੰਗ-ਹੀਣ
ਨਜ਼ਰ ਮੇਰੀ ਭਟਕਦੀ...
...........................
...........................
ਅਨੁਭਵ ਸਾਰੇ
ਹੋ ਰਹੇ ਅਨੁਭਵਹੀਣ
ਦਿਸ਼ਾਹੀਣ
ਸ਼ਰਮੋ-ਹਯਾ ਅੱਖਾਂ ਦੀ
ਬਣੀ ਮੈਲ ਹੱਥਾਂ ਦੀ...
..........................
..........................
..........................



..........................
ਕਿੱਥੇ ਨੂੰ ਜਾ ਰਿਹਾ?
ਨਾੜਾਂ ਦਾ ਖ਼ੂਨ ਸਾਰਾ
ਮਨ ਦੇ ਅੰਦਰ ਫੈਲਦੇ
ਸੁੰਘੜਦੇ
ਬਣਦੇ...
ਵਿਗੜਦੇ
.....................
ਸੰਕਲਪ ਸਾਰੇ...?
ਸ਼ਬਦ ਬਣ ਬਣ
ਜੀਭ ਉੱਤੇ
ਆਉਣ ਤੋਂ ਡਰਦੇ ਕਿਉਂ?
...............................
...............................
...............................
ਸਾਜ਼
ਸਰਗਮ
ਸੁਰ
ਸਦਾ...

ਮੇਰੇ ਅੰਦਰ
ਗੂੰਜ ਇਕ
ਭੁਗਤਦੀ ਕੋਈ ਸਜ਼ਾ
.........................

.........................
ਵਿਚਰਦੇ ਸਾਰੇ ਵਿਚਾਰ
ਜ਼ਿਹਨ ਅੰਦਰ
ਗੂੰਜ ਅੰਦਰ ਗੁੰਮਦੇ
ਘੁੰਮਦੇ
ਫਿਰ ਗੁੰਮਦੇ
ਗੋਲੇ ਜਿਵੇਂ
ਅੱਗ...
ਪਾਣੀ...
ਹਵਾ... ਵਾਲੇ

ਫੈਲਦਾ
ਇਕ ਸੌਰ ਮੰਡਲ
ਮਨ 'ਚ ਮੇਰੇ...
ਭਿੜ ਰਹੇ ਨੇ
ਤਾਰਿਆਂ ਦੇ ਨਾਲ ਤਾਰੇ

ਸੂਰਜਾਂ ਨੂੰ
ਸੂਰਜਾਂ ਦੇ ਦੰਦ ਟੱਡੇ
ਖਾਣ ਨੂੰ ਆਉਂਦੇ ਦਿਸਣ
ਅੱਗ ਗੋਲਾਕਾਰ ਹੋ ਕੇ
ਫੈਲਦੀ ਜਾਏ ਚੁਫ਼ੇਰ
..................
ਵਾਰ ਵਾਰ



.............
ਮੀਲ ਪੱਥਰ ਵਾਂਗ
ਗੱਡੇ ਪੈਰ ਮੇਰੇ
ਤੁਰ ਰਹੇ ਨੇ
ਨਾਲ਼ ਨਾਲ਼...
....................
ਕਿਸ ਤਰ੍ਹਾਂ ਦਾ ਸਫ਼ਰ ਹੈ ਇਹ?

ਪੈਰਾਂ ਹੇਠੋਂ ਨਿਕਲ ਕੇ
ਦੌੜਦੀ ਜਾਏ ਜ਼ਮੀਨ...
ਨਜ਼ਰ ਦੀ ਸੀਮਾਂ ਤੋਂ ਪਾਰ
ਕਲਪਨਾ ਦੇ ਆਰ ਪਾਰ
ਕੁਝ ਵੀ ਦਿਸਦਾ ਨਹੀਂ
ਕੀ ਹੈ ਇਹ?
..................
..................
..................
..................
..................
..................
ਤੇਜ਼ ਤੇਜ਼...
ਨਜ਼ਰ ਨਾਲੋਂ
ਸੋਚ ਨਾਲੋਂ
ਦੌੜਦਾ ਹੈ ਆਦਮੀ...

..........................
..........................

ਧਰਤ ਤਣ ਕੇ
ਖੜ ਗਈ ਹੈ
ਨਜ਼ਰ ਅੱਗੇ...
ਜਾ ਰਹੇ ਕਿੱਥੇ ਨੂੰ ਸਭ?
..........................
ਸਾਹ-ਸਤ ਹੀਣੇ
ਹਾਰਦੇ ਹਾਲਾਤ ਅੱਗੇ
ਸੁੱਟਦੇ ਹਥਿਆਰ
ਅੱਗੇ ਸਮੇਂ ਦੇ...

ਸਮਾਂ
ਸਰਪਟ ਦੌੜਦਾ

ਦੌੜਦਾ ਮੇਲਾ ਜਿਵੇਂ
ਤ੍ਰਿਕਾਲ ਨੂੰ...
ਕਾਹਲੀ ਕਾਹਲੀ...
ਵੇਚਦਾ ਵਸਤਾਂ ਜਿਵੇਂ-
..........................
..........................
..........................



ਚੀਜ਼ ਵਹੁਟੀ ਵਾਂਗ
ਸਜੀਆਂ ਹੱਟੀਆਂ
ਰੰਗ ਬਰੰਗੇ
ਪਹਿਨ ਕੇ ਗੂੜ੍ਹੇ ਲਿਬਾਸ
ਬੈਠੀਆਂ ਵਸਤਾਂ ਚੁਫ਼ੇਰ

ਨੱਚਦਾ ਮੁੜ ਮੁੜ ਬਾਜ਼ਾਰ
ਮੇਰੇ ਅੰਦਰ
ਬਾਹਰ ਮੇਰੇ-
..............
ਦੌੜਦਾਂ
ਮੇਲੇ 'ਚੋਂ ਮੈਂ
..........................
..........................
..........................
ਮੇਰਾ ਪਿੱਛਾ ਕਰ ਰਿਹਾ
ਮੇਲਾ ਜਿਵੇਂ...
ਅਵਾਜ਼ਾਰ...

ਸੂਚਨਾਵਾਂ
ਲਿੱਪੀਆਂ
ਸੰਕੇਤ ਕੁਝ
ਟਿਪਕਣੇ ਸਕਰੀਨ ਦੇ
ਬਣ ਕੇ ਦਰਸ਼ਕ
ਰਹਿ ਗਿਆ ਹੈ ਆਦਮੀ

ਨਜ਼ਰ ਦਾ ਹੋ ਕੇ ਗ਼ੁਲਾਮ
ਰਿਦਮ ਬਣ ਬਣ ਨੱਚਦਾ
ਹੈ ਆਦਮੀ...

ਭੰਬੂਤਾਰੇ
ਨੱਚਦੇ ਦਿਸਦੇ ਚੁਫ਼ੇਰ
        ਅੱਖ
        ਪਰਦਾ
        ਆਸਮਾਨ...
ਹੋ ਗਏ ਇਕ ਰੂਪ ਹੀ...
..........................
ਆਦਮੀ ਦੀ ਮਰਜ਼ ਨੂੰ
        ਹਰ ਗਰਜ਼ ਨੂੰ
        ਸਮਝਦਾ ਹੈ
ਕਿਸ ਤਰ੍ਹਾਂ ਸਕਰੀਨ ਅੱਜ
..........................
ਬੈਡਰੂਮਾਂ ਵਿਚ ਹੀ
ਸਜਿਆ ਬਾਜ਼ਾਰ
ਨੈੱਟ ਉੱਤੇ
ਟਿੱਕ ਹੋ ਰਹੀ ਜ਼ਿੰਦਗੀ
ਹਿੰਦਸਿਆਂ ਵਿਚ
ਖੋ ਰਹੀ ਹੈ
ਦਿਨ-ਬ-ਦਿਨ



ਰੰਗ
ਬੇਰੰਗ...

ਕੁਝ ਪੌਸ਼ਾਕਾਂ
ਜਿਸਮ ਰੰਗੀਆਂ
..........................
..........................
..........................
..........................
..........................

        ਜਿਸਮ ਬਣ ਬਣ
        ਖ਼ੁਦ ਪੌਸ਼ਾਕਾਂ
        ਨਜ਼ਰ ਦੇ ਜੰਜ਼ਾਲ
        ਅੰਦਰ ਫਸੀਆਂ
        ਖਿੜ ਖਿੜਾ ਕੇ ਹੱਸੀਆਂ...
        ਪਹਿਨ ਕੇ ਜਿਸਮਾਂ ਨੂੰ
        ਤਾਂਡਵ ਨੱਚੀਆਂ
        ..........................
        ..........................
        ..........................
        ..........................
ਜਜ਼ਬਿਆਂ ਤੋਂ
ਵਿਰਵੀਆਂ

ਖ਼ਬਰਾਂ ਕਿਉਂ
ਸਿਰਾਂ ਅੰਦਰ ਧਸਦੀਆਂ?
ਕੁਝ ਵੀ ਨਹੀਂ ਦਸਦੀਆਂ
..............................
..............................

ਸੂਚਨਾਵਾਂ
ਕਿਉਂ ਸੰਗੀਨਾਂ ਦਿਸਦੀਆਂ?
ਕਾਲੇ ਕਾਲੇ ਪੰਨਿਆਂ 'ਚੋਂ
ਖ਼ੂਨ ਵਾਂਗੂ ਰਿਸਦੀਆਂ
ਦੌੜਦੀ ਫ਼ੁੰਕਾਰ
ਕਾਲਮ-ਕਾਲਮੀਂ...
ਨਜ਼ਰ ਥਾਣੀਂ ਰੀਂਘਦੀ
..............................
ਰੀਂਘਦੀ
ਗਲੀਆਂ-ਬਾਜ਼ਾਰਾਂ-ਸੜਕ ਉੱਤੇ
ਦੌੜਦੀ ਹੈ
ਪੈਰ ਸਿਰ ਤੇ ਰੱਖ ਕੇ
ਫੁੰਕਾਰ ਫੇਰ...

ਬਹੁਲਤਾਵਾਂ
ਦੇ ਗੁਬਾਰੇ
ਭੰਬੂਤਾਰੇ
ਨੱਚਦੇ ਮੇਰੇ ਚੁਫ਼ੇਰ



ਰੱਸੀਆਂ ਦੇ ਸੱਪ
ਮੁੜ ਮੜ
ਰੀਂਘਦੇ ਨੇ ਰੰਗਾਂ ਅੰਦਰ

ਪਾਣੀ ਰੰਗੇ
ਪਿਲਪਿਲੇ ਜਿਹੇ ਬੁਲਬੁਲੇ
ਅੱਖਾਂ ਅੰਦਰ ਫੈਲਦੇ
..........................
ਫੈਲਦੇ
ਮੁੜ ਮੁੜ
ਦਿਲੋ-ਦਿਮਾਗ਼ ਵਿਚ
ਸਮੇਂ ਦੀ ਰਫ਼ਤਾਰ
ਫੜਨਾ ਲੋਚਦੇ
..........................
ਸਮੇਂ ਦੀ ਰਫ਼ਤਾਰ ਫੜਨਾ
ਕੀ ਕਦੇ ਦਰਕਾਰ ਹੈ?
..........................
..........................
ਹੈ ਕਦੇ ਦਰਕਾਰ
ਸੀਮਾ ਦਰਦ ਦੀ...?
..........................?
..........................?
..........................?
..........................?

ਦੂਰੀਆਂ ਤੋਂ ਦੂਰ
ਓਹਲੇ ਹਵਾ ਦੇ
ਬੱਦਲਾਂ ਦੀ ਛਾਂ
ਘਨ੍ਹੇਰੀ ਹੈ ਬੜੀ
ਤੌਖਲਾ ਮਨ ਵਿੱਚ ਹੈ
ਪਲਦਾ
ਫੈਲਦਾ
ਫੈਲਦੇ ਸੈਆਂ ਅਕਾਰ
ਧੁੰਦਲੇ
.........

ਧੁੰਦਲੇ ਜਿਹੇ ਫਲਸਫ਼ੇ
ਮੇਰੇ ਚੁਫ਼ੇਰ...

ਖੋਲ੍ਹਦੇ ਰਹੱਸ
ਹਰ ਇਕ ਰਮਜ਼ ਦੇ?

ਦਮਗਜ਼ੇ ਦਰਕਾਰ
ਸਭ ਕੁਝ ਪਾਉਣ ਦੇ
ਨਵੇਂ ਦਿਨ
ਨਵਾਂ ਰਾਗ
ਗਾਉਣ ਦੇ
??????????
..........................



..........................
ਮਨ ਦੇ ਸਰਵਰ
ਤੈਰਦੇ
ਕੁਝ ਸ਼ਬਦ ਨੇ
ਸੰਕਲਪ ਨੇ
ਤੈਰਦਾ ਇਕ ਮੰਚ ਹੈ
ਕਿਸ਼ਤੀ ਜਿਹਾ-

ਤਾਰਿਆਂ ਦੀ...
ਸੂਰਜਾਂ ਦੀ...
ਘੁੰਮਦੇ ਹੋਏ ਗੋਲਿਆਂ ਦੀ...
ਡੋਲਦੀ ਕਿਸ਼ਤੀ ਕਿਵੇਂ...?
ਟਕਰਾ ਰਹੀ ਹੈ ਹਵਾ ਨਾਲ
ਭਟਕਦੀ ਲਹਿਰਾਂ 'ਚ ਫਿਰਦੀ...
ਖੋ ਰਹੀ ਨਜ਼ਰਾਂ 'ਚ ਕਿਧਰੇ
ਨਜ਼ਰੋਂ ਓਹਲੇ ਹੋ ਰਹੀ...
..........................
..........................
ਨਜ਼ਰ ਦੀ ਸੀਮਾ ਤੋਂ ਪਾਰ
ਸੁਰਤ ਦੇ ਬ੍ਰਹਿਮੰਡ ਅੰਦਰ
ਚਮਕਦੇ ਤਾਰੇ ਅਨੇਕ
ਭੂਤ ਬਣ ਬਣ ਨੱਚਦੇ
ਮੇਰੇ ਚੁਫ਼ੇਰ...

ਸੁਰਤ ਦਾ ਬ੍ਰਹਿਮੰਡ
ਛਪਕੇ ਅੱਖ ਜਿਉਂ
ਉਲਰਦੇ
ਅਸੰਖ ਲੁੰਡੇ ਹੱਥ ਤਿਉਂ
ਦੋ-ਸਾਂਗੀਆਂ ਜੀਭਾਂ ਸਮੇਤ
ਨਿਗਲ ਜਾਣਾ ਲੋਚਦੇ
ਉਹ ਧਰਤ ਸਾਰੀ
ਨਿਗਲ ਜਾਣਾ ਲੋਚਦੇ
ਸਾਰੀ ਸ੍ਰਿਸ਼ਟੀ...
..........................
ਦੌੜਦੀ ਹੈ ਕਾਇਨਾਤ
ਬੇਤਹਾਸ਼ਾ...
..........................
..........................
ਬੇਤਹਾਸ਼ਾ
ਦੌੜਦੇ
ਉਹ ਮਗਰ ਮੇਰੇ

ਨਿਗਲ ਕੇ
ਉਹ ਨੀਂਦ ਮੇਰੀ
ਸੁੰਨ ਕਰਕੇ ਸੁਰਤ ਨੂੰ
ਫੈਲ ਕੇ ਮੇਰੇ ਚੁਫ਼ੇਰ
ਬਦਲ ਦਿੰਦੇ ਪਲਾਂ ਅੰਦਰ
ਪੌਣ ਪਾਣੀ...



..........................
..........................
..........................
..........................
..........................
..........................
..........................
ਪਲਾਂ ਵਿੱਚ ਹੀ
ਪੀਣ ਲੱਗੇ
ਸੀਰਮੇ ਪੰਖੇਰੂਆਂ ਦੇ

ਛਿਣਾਂ ਅੰਦਰ
ਸੂਤ ਕੇ ਸਾਰੇ ਪ੍ਰਾਣ
ਜਿਸਮ ਵਿੱਚੋਂ ਰੱਤ ਸਾਰੀ
ਪੀਣ ਲੱਗੇ
ਮੁੰਦ ਅੱਖਾਂ
ਫਿਰ ਪਿਆਲਾ ਖ਼ੂਨ ਦਾ
ਸਕੂਨ ਦਾ-
ਅੱਖਾਂ ਅੱਗੇ
ਟਪਕਦਾ ਇਕ ਬੁਲਬੁਲਾ
ਖ਼ਾਲੀ ਜਿਹਾ
ਹਵਾ ਦਾ ਭਰਿਆ ਭਕਾਨਾ
ਦੂਰ ਨੱਸੇ
ਆਪਣੇ ਹੀ ਆਪ ਤੋਂ

ਜਿਸਮ ਤੋਂ
ਹੋ ਜਾਏ ਜੀਕਣ
ਜਾਨ ਦੂਰ

ਚੰਦ ਕੋਲੋਂ ਚਾਂਦਨੀ
ਜਾਏ ਪਰਾਂ

ਧੁੱਪ ਹੀਣੇ
ਸੂਰਜਾਂ ਦੀ ਕਲਪਨਾ
ਖੌਫ਼ ਬਣ ਬਣ
ਕਾਲਜੇ ਵਿੱਚ ਉਤਰਦੀ

ਪੱਤਿਆਂ ਦੇ ਪਿੰਡਿਆਂ ਵਿੱਚ
ਛਿੜ ਰਹੀ ਹੈ ਕੰਬਣੀ
ਮੂੰਹ ਚਿੜਾਉਂਦੀ
ਹਵਾ ਦਾ
ਪੱਤੀਆਂ ਦਾ ਇਹ
..........................
..........................

ਕਦੇ ਰੰਗਾਂ
ਕਦੇ ਖੰਭਾਂ
ਕਦੇ ਫੁੱਲਾਂ



ਕਦੇ ਬੁੱਲਾਂ
ਤਾਈਂ
ਮੁੜ ਮੁੜ ਡੰਗਦੀ
ਸੂਲੀਆਂ 'ਤੇ ਟੰਗਦੀ

ਮਲਕੜੇ ਜਿਹੇ
ਦੇ ਕੇ ਦਸਤਕ
ਨੀਂਦ ਦੇ ਦਰਬਾਰ ਵਿੱਚ
ਕਦੇ
ਸੁੱਤੇ ਜਜ਼ਬਿਆਂ ਨੂੰ
ਛੇੜਦੀ

ਤਰਸਦੇ ਸੁਪਨੇ ਅਨੇਕਾਂ
ਨੀਂਦ ਨੂੰ ਪ੍ਰਣਾਉਣ ਲਈ
ਨੀਂਦ ਨੂੰ ਹੈ
ਸੋਨ-ਸੁਪਨੇ ਦੀ ਉਡੀਕ

ਕਿਰੇਗੀ ਕਾਇਨਾਤ ਵਿਚੋਂ
ਕਦੋਂ ਕਣ ਕਣ ਜ਼ਿੰਦਗੀ!!!?
! ! ! ! ! ! ! ! ! ! ! ! ! ! !
....................................

ਮਚ ਰਿਹਾ ਹੈ
ਮਨ 'ਚ ਮੁੜ

ਮੰਜ਼ਲ ਦਾ ਮੋਹ
…………………
…………………
…………………
ਮੰਜ਼ਲ…?
ਮਰਘਟ…?
ਤੇ
ਮਨੁੱਖ…?
…………………
…………………
ਮੋਹ…?
ਮਮਤਾ…?
ਦੁੱਖ…?
ਭੁੱਖ…?
…………………
…………………
…………………
…………………
ਸੁੱਖ…?
…………………
…………………
…………………

ਤੈਅ ਕਰਕੇ ਰਾਸਤੇ



ਜੇਬਾਂ 'ਚ ਤੁੰਨਣ
ਦੀ ਖ਼ਬਤ…

ਬਹੁਤ ਤੇਜ਼
ਦੌੜਦੀ ਜਾਏ ਨਜ਼ਰ
ਮੀਲ ਪੱਥਰ…
ਗੁੰਮ ਨੇ
ਰੁੱਖ…
ਦੁੱਖ…
ਮੋਹ…
ਮਮਤਾ…
ਤੇ
ਮਨੁੱਖ…
ਸਾਏ ਬਣ ਬਣ ਗੁਜ਼ਰਦੇ…
ਰਿਸ਼ਤੇ ਸਮੱਸਤ

ਖ਼ੂਨ ਚਿੱਟਾ ਹੋ ਰਿਹਾ
ਨਾੜਾਂ ਦੇ ਅੰਦਰ
ਖੋ ਰਿਹਾ

ਜੀਣ ਦਾ ਜਜ਼ਬਾ
ਕਿਉਂ ਨਿਰਜਿੰਦ ਹੈ?

ਜ਼ਰਾ ਬਖ਼ਤਰ ਸਿਮਟ ਚੁੱਕਾ

ਜੇਬ ਤੀਕ...

ਪੈਰਾਂ ਹੇਠਾਂ
ਤਪ ਰਹੀ ਹੈ
ਤਾਰਕੋਲ
ਪੁੱਠੇ ਪੈਰੀਂ ਦੌੜਦਾ
ਦਿਸਦਾ ਵਜੂਦ
.......................

ਸਿਰਾਂ 'ਤੇ ਗੁੰਬਦ ਜਿਹਾ
ਗ਼ੁਬਾਰ ਹੈ...
ਛੱਤ ਸੰਸਦ ਦੀ ਜਿਵੇਂ
ਘੂੰਮਦੀ ਹੈ ਸਿਰਾਂ ਉੱਤੇ
ਸੁਣ ਰਹੀ ਕੁਰਲਾਟ
ਬਹਿਸਾਂ ਹੁੰਦੀਆਂ
ਗਹਿਰੀਆਂ ਗੰਭੀਰ ? ? ?
? ? ? ? ?
.......................
.......................
.......................

ਮਸਲੇ ਉੱਠਦੇ
ਦੱਬਦੇ
ਮੁਲਤਵੀ ਹੁੰਦੇ ਮਤੇ



ਮੁੜ ਆਉਣ ਲਈ
ਪੇਸ਼ ਸੋਧਾਂ ਹੁੰਦੀਆਂ
ਸੁਧਰਨ
ਸੁਧਾਰਨ
ਦੇ ਲਈ...
.......................
.......................
ਚੁੱਪ...
.......................
ਬਣ ਕੇ ਮੀਸਣੀ
ਸੰਸਦ ਸੁਣੇ...
ਚੰਗਾੜ ਕੰਧਾਂ ਪਾੜਦੀ
ਵੇਖਦੀ ਜਾਏ ਲੋਕਾਈ
ਬਹਿਸ ਹਾਲਾਂ ਚਲਦੀ
..........................
ਚਲ ਰਹੀ ਹੈ...
ਬਹਿਸ ਅੰਦਰ...
ਬਾਹਰ ਬਹਿਸ
.....................
.....................
ਬਹਿਸ
ਅੱਖਾਂ ਵਿੰਨ੍ਹਦੀ
ਪਾੜਦੀ ਇਹ ਕੰਨ ਮੇਰੇ
ਚਲ ਰਹੀ ਹੈ

ਬਹਿਸ ਅੰਦਰ
ਬਾਹਰ ਬਹਿਸ
.....................
.....................
.....................
..........................
..........................
ਅੰਤਹੀਣ
..........................?
..........................?
ਮੇਰੀਆਂ ਅੱਖਾਂ ’ਚ ਘੁੰਮਦੀ?
ਲਗਾਤਾਰ
..........................
..........................
..........................
..........................
..........................
ਲਗਾਤਾਰ...
ਕੁਰੇਦਦੀ ਮਸਤਕ ਮੇਰਾ...
ਸੋਕਦੀ ਜਾਏ ਨਮੀ
ਜਿਸਮ ਵਿਚੋਂ
ਖ਼ੂਨ ਵਿਚੋਂ
ਅੱਖੀਆਂ ਦੇ ਅਸ਼ਕ ਸਾਰੇ
ਸੋਕ ਲੈਣਾ
ਏਸ ਦਾ ਕਿੱਥੇ ਨਸੀਬ?



..........................
..........................
..........................
..........................
..........................
..........................
..........................
ਮੇਰੀਆਂ ਅੱਖਾਂ ’ਚ
ਬੀਆਬਾਨ ਹੈ
ਸੂਲੀ ਉਤੇ ਜਾਨ ਹੈ

ਚਾਅ ਸਾਰੇ
ਜੀਣ ਦੇ
ਥੀਣ ਦੇ
ਅੰਦਰੋਂ ਬਾਹਰੋਂ
ਜਦੋਂ ਨੇ ਟੁੱਟਦੇ
ਸਿਮਟ ਜਾਂਦੇ ਹੋਣਗੇ
ਸਾਰੇ ਰਸਤੇ
ਇਸ ਤਰ੍ਹਾਂ ਹੀ
..........................
..........................
..........................
ਖੇਲ ਜਿਸਮਾਂ ਦੇ ਨੇ
ਅੱਖਾਂ ਚੋਭਦੇ...

ਮਸਤਕਾਂ ਦੀ ਖੇਡ
ਖੋਰੀ ਹੋ ਰਹੀ...
.........................
ਹੋ ਰਹੇ ਖੋਰੀ
ਨਜ਼ਾਰੇ ਚਮਕਦੇ...

ਸਿਮਟਦੀ ਜਾਏ ਸ੍ਰਿਸ਼ਟੀ
ਧਰਮ ਸਾਰੇ
ਕਰਮ ਸਾਰੇ
ਸਾਰੇ
ਸੱਤਾ ਦੇ ਪਾਸਾਰ
ਫ਼ਲਸਫ਼ੇ
ਸਾਰੇ ਦੇ ਸਾਰੇ
ਸਾਰੇ
ਖੋਰੀ ਹੋ ਰਹੇ...
ਸੌਂ ਰਹੇ
ਸ਼ਬਦਾਂ ਦਾ ਪੱਲੂ ਤਾਣ ਕੇ
......................
ਕਿਤਾਬਾਂ ਦੀਆਂ ਕਬਰਾਂ 'ਚ
ਸੁੱਤੇ ਫਲਸਫ਼ੇ
ਦਿਲਾਂ ਦੀ ਦਹਿਲੀਜ਼ ਉੱਤੇ
ਦੇਣਗੇ ਦਸਤਕ ਕਦੋਂ...?
ਉੱਠ ਰਹੇ ਨੇ ਸੌ ਸਵਾਲ
ਵਧ ਰਿਹਾ ਹੈ ਕਾਫ਼ਲਾ
ਇਕ ਅੰਤਹੀਣ



ਮਨਾਂ ਅੰਦਰ
ਕਾਫ਼ਲਾ ਇਤਿਹਾਸ ਵਲ ਨੂੰ ਪਰਤਦਾ
.......................
ਫਲਸਫ਼ੇ ਫੁੰਕਾਰਦੇ...
..........................?
..........................?
..........................?
..........................?
ਅੱਖਾਂ ਅੱਗੇ
ਤੋੜਦਾ ਦਮ
ਦਿਸ ਰਿਹਾ ਮੈਨੂੰ ਅਤੀਤ
..........................
..........................
ਭੈਭੀਤ

ਚੇਤਿਆਂ ਵਿੱਚ
ਜਗ ਰਿਹਾ ਇਤਿਹਾਸ
ਬੁਝਦਾ ਜਾ ਰਿਹਾ
ਵਰਤਮਾਨ
ਲੂਣ ਵਾਂਗੂ
ਮੇਰੀਆਂ ਅੱਖਾਂ 'ਚ
ਖੁਰਦਾ ਜਾ ਰਿਹਾ
..........................

ਧੁੰਦਲੀ ਜਿਹੀ
ਦਿਸਦੀ ਸੀਮਾ ਨਜ਼ਰ ਦੀ...
ਦੂਰ ਦਿਸਦਾ ਆਦਮੀ...
ਧੁੰਦਲਾ ਜਿਹਾ
ਲਟਕਦਾ ਹੈ ਖ਼ੁਦ-ਬ-ਖ਼ੁਦ
..........................
..........................
ਹੌਲੀ ਹੌਲੀ
ਹੂੰਘਦਾ ਹੈ ਆਦਮੀ...
ਬਦਲ ਰਹੀਆਂ
ਸ਼ੋਖੀਆਂ ਨੂੰ ਵੇਖਦਾ
..........................
ਹਵਾ...
ਪਾਣੀ...
ਰੰਗ...
ਰੂਪ...
ਕਾਇਨਾਤ...
ਬਦਲਦੀ ਹਰ ਚੀਜ਼
ਤੇਜ਼ੋ ਤੇਜ਼ ਹੈ

ਨਜ਼ਰ ਨਾਲੋਂ...
ਹਵਾ ਨਾਲੋਂ...
ਰੌਸ਼ਨੀ...ਆਵਾਜ਼...
ਤੋਂ ਵੀ ਤੇਜ਼ ਤੇਜ਼



..........................
..........................
..........................
..........................
..........................
..........................
..........................
..........................
..........................
ਤੇਜ਼-ਤੇਜ਼-ਤੇਜ਼-ਤੇਜ਼
..........................
ਤੇਜ਼ ਤੇਜ਼... ਤੇਜ਼ੀ...

ਇਹ ਤੇਜ਼ੀ...?
..........................
ਫਾਸਲੇ
ਸਭ ਮੇਟਦੀ
ਜਾਏ ਸ੍ਰਿਸ਼ਟੀ
..........................
ਫਰਜ਼ ਸਾਰੇ
ਗਰਜ਼ ਬਣ ਕੇ
ਮੁੱਕ ਜਾਂਦੇ

ਰਿਸ਼ਤਿਆਂ ਦੀ

ਰਸਮ ਨਿਭਦੀ ਹੈ ਨਿਰੀ
ਦਿਨ ਚੜ੍ਹੇ ਨੂੰ
ਆਂਗਣਾ ਵਿੱਚ
ਖਿੜ ਰਹੇ
ਗਰਜ਼ਾਂ ਦੇ ਫੁੱਲ...
ਕਿੰਨੇ ਲੁਭਾਉਣੇ?
ਦਿਸ ਰਹੇ ਨੇ
ਸ਼ੋਖ ਰੰਗ
ਚਾਰੇ ਪਾਸੇ

ਸ਼ੋਖ ਰੰਗ
ਭਰਮਾ ਰਹੇ ਨੇ
ਸੋਚ ਨੂੰ

ਸ਼ੋਖ ਸੱਤਾ
ਕਰ ਰਹੀ ਹੈ ਸ਼ੋਖੀਆਂ
ਜਜ਼ਬਿਆਂ ਦੇ
ਜ਼ਬਤ ਨਾਲ...
..........................
..........................
..........................
ਪੁਰਖਿਆਂ ਦੀ ਪਿਰਤ ਨਾਲ
ਕਿਰਤ ਨਾਲ
..........................



..........................
..........................
..........................
..........................
..........................
..........................?

ਬਦਲ ਰਹੀਆਂ
ਸਾਰੀਆਂ ਕੱਸਵੱਟੀਆਂ
ਲੈਣ ਉੱਸਲਵੱਟੀਆਂ...

ਆਦਮੀ 'ਚੋਂ
ਉਦੈ ਹੁੰਦਾ
ਆਦਮੀ ਇਕ ਹੋਰ ਹੀ
ਕੌਣ ਹੈ ਇਹ?

ਕੌਣ ਹੈ ਇਹ?
ਅੰਨ੍ਹਾ ਬੋਲਾ
ਸੁੱਤਾ ਲੰਮੀ ਤਾਣ ਕੇ

ਆਪਣੇ ਹੱਡਾਂ ਦੀ ਕੜਕੜ
ਸੁਣ ਰਿਹਾ
ਆਪਣੇ ਕੰਨਾਂ ਥੀਂ
ਹੋ ਕੇ ਮੀਸਣਾ

ਮਤਲਬਾਂ ਦੀ ਭਾਸ਼ਾ
ਸਾਰੀ ਜਾਣਦਾ
..........................
ਮਤਲਬਾਂ ਨੂੰ ਮਾਣਦਾ...
..........................

ਬੰਦ ਅੱਖਾਂ
ਬੁੱਲ੍ਹ ਖੁੱਲ੍ਹੇ
ਪਿੰਡੇ ਉੱਤੇ ਮਲ ਭਬੂਤੀ

ਬੁੜ ਬੁੜ ਕਰਦਾ
ਮੰਤਰ ਪੜ੍ਹਦਾ
ਦੁਨੀਆ ਭਰ ਦੇ
ਇਲਮਾਂ ਤਾਈਂ
ਆਪਣੀ ਮੁੱਠੀ ਅੰਦਰ ਦੱਸਦਾ
ਖਿੜ ਖਿੜ ਹੱਸਦਾ
..........................
..........................

ਹਾਸਾ...
ਘੋਰ ਬੇਸ਼ਰਮੀ ਵਾਲਾ...

ਜਾਣ ਗਿਆ ਉਹ
ਜਿੱਤਣਾ
ਹਰਨਾ



ਕਿਹੜੇ ਵੇਲੇ
ਕੀ ਹੈ ਕਰਨਾ?
ਕਿਹੜੀ ਜੁਗਤ
ਜੁਗਾੜ ਲੜਾਉਣਾ
ਆਉਂਦਾ ਉਸ ਨੂੰ
ਹਰ ਘੋੜੇ ਤੇ
ਕਾਠੀ ਪਾਉਣਾ
ਆਉਂਦਾ ਉਸ ਨੂੰ...

ਦਿਨ ਦੀਵੀ
ਕੀ ਨ੍ਹੇਰ ਪਸਰਿਆ
ਰਾਤਾਂ ਵਰਗਾ
..........................
..........................
ਗਹਿਰੀ ਰਾਤੇ
ਦਨ-ਦਨਾ-ਦਨ
ਚਾਨਣ ਵੀ ਕੋਈ ਦੈਂਤ ਹੈ ਦਿਸਦਾ
ਘਰ
ਦਰ
ਦੀਵਾਰਾਂ
ਛੱਤਾਂ...
ਗਾਹੁੰਦਾ ਫਿਰਦਾ
ਦਾਨਾ ਬੀਨਾ ਬਣਿਆ ਦੈਂਤ
ਦੈਂਤ...

ਦਗੜ ਦਗੜ ਹੈ
ਗਲੀਆਂ ਅੰਦਰ
ਸੁੰਨ ਜਿੰਦਾਂ
ਜਿਉਂ ਸਿਮਟਣ ਲੱਗੀਆਂ
ਆਪਣੇ ਅੰਦਰ
ਸੁੱਤੀ
ਜਾਗੀ
ਫਿਰ ਸੁੱਤੀ
ਦਸਤਕ ਅਧਮੋਈ
ਦਰਵਾਜ਼ੇ ਦੇ ਗਲ ਨੂੰ ਲਗ ਕੇ
ਭੁੱਬੀਂ ਰੋਈ...

ਮੈਲੇ ਮਨ
ਅਸ਼ਕਾਂ ਥੀਂ ਧੋ ਕੇ
ਆਪਣੇ ਗਲ ਲਗ
ਆਪੇ ਰੋ ਕੇ
ਆਪਣਾ ਦੁੱਖੜਾ
ਆਪੇ ਸੁਣਦੀ-
ਕਿੱਦਾਂ ਦਸਤਕ?

ਦਸਤਕ...ਦਰ
ਦਰਵਾਜ਼ਾ...ਦਸਤਕ
ਕੌਣ ਬਿਗਾਨਾ
ਕਿਹੜਾ ਆਪਣਾ?
..........................



ਰਿਸ਼ਤਾ-ਨਾਤਾ...?
ਕਿਸ ਤੇ
ਕੌਣ ਯਕੀਨ ਕਰੇ ਹੁਣ...?
ਮਸਲਾ ਬਣਿਆ...
..........................
ਹੱਸੀਆਂ ਫੇਰ
ਦੀਵਾਰਾਂ ਖਿੜ ਖਿੜ
ਦਰਵਾਜ਼ੇ ਦੀਆਂ
ਸੋਚਾਂ ਉੱਤੇ
ਹੱਸੀ ਦਸਤਕ...
..........................
ਦਰ ਡੁਸਕਦੇ ਬੁੱਲ੍ਹਾਂ ਵਾਂਗੂੰ
ਸਰਦਲ ਅਤੇ ਬਰੂਹਾਂ
ਭਿੱਜੀਆਂ ਭਿੱਜੀਆਂ ਪਲਕਾਂ
..........................
ਸੋਚਦਾਂ!
ਇਹ ਹਵਾ
ਨਸ਼ਤਰ ਚੋਭਦੀ ਹੈ
ਆਪ ਕਿਉਂ?
ਆਪਣੇ ਪਿੰਡੇ
ਆਪਣੀ ਰੂਹ ’ਤੇ...
ਆਪ ਸਮਾਂ ਹੀ ਦੇ ਰਿਹਾ
ਖੁਦ ਨੂੰ ਸਜ਼ਾ?
..........................

ਝੂਲਦੇ
ਬਿਰਖ਼ਾਂ ਦੇ ਪੱਤੇ
ਬੱਦਲਾਂ ਨਾਲ
ਕਰ ਰਹੇ ਕੋਈ ਗੁਫ਼ਤਗੂ
        ਘਰਾਂ ਬਾਰੇ
        ਦਰਾਂ ਬਾਰੇ
        ਕੰਧਾਂ ਬਾਰੇ
        ਛੱਤ ਬਾਰੇ
        ਦੈਂਤ ਬਾਰੇ...
ਦਰਾਂ ਦੇ ਮਸਤਕ ਤੇ ਲਿਖੀ
ਘਰਾਂ ਦੀ ਤਕਦੀਰ ਬਾਰੇ

ਅਜਬ ਹੈ
ਆਵਾਜ਼ ਕੋਈ
ਗੂੰਜਦੀ ਅਸਮਾਨ ਅੰਦਰ
        ਮੇਰੇ ਅੰਦਰ
ਤਿੜਕਦੀ ਤਕਦੀਰ
ਗੂੜ੍ਹੀ ਨੀਂਦ ਵਾਲੀ
        ਨਾ ਦਿਸੇ!
ਮੱਥੇ 'ਚ ਮੇਰੇ
ਮਟਕਦੀ ਮੰਡੀ ਦਿਸੇ
ਗਰਜਦੀ ਪੂੰਜੀ ਸੁਣੇ
ਛਣਕਦੇ ਘੁੰਗਰੂ...
        ...ਜਿਵੇਂ?



ਮੱਥੇ 'ਚ ਮੁਜ਼ਰਾ ਹੋ ਰਿਹਾ...!!!

ਛਣਕਦੇ ਘੁੰਗਰੂ ਚੁਫ਼ੇਰ...
        ਘੁੰਗਰੂ ਹੋਈ ਫਿਜ਼ਾ...
        ..........................
ਕਿੱਥੋਂ ਆਉਂਦੀ ਹੈ ਆਵਾਜ਼...
        ਸੁੰਨਸਾਨ...?
        ਚੁੱਪਚਾਨ...?

ਨਾ ਇਥੇ ਕੰਨ
ਨਾ ਅੱਖਾਂ ਕਿਤੇ
ਮੇਰਾ ਮੱਥਾ ਗੁੰਮ ਹੈ
ਗੁੰਮ ਹੈ ਮੇਰਾ ਸਰੀਰ...?
ਹੋਂਦ ਮੇਰੀ
ਮੇਰੀ ਸੋਚ...

ਚਾਰੇ ਪਾਸੇ
ਘੁੰਗਰੂ ਹੀ ਘੁੰਗਰੂ
        ਘੁੰਗਰੂ ਬਣਿਆ ਚੁਫੇਰਾ...
        ਦਨਦਨਾਉਂਦਾ ਫਿਰ ਰਿਹਾ
                ਘੁੰਗਰੂ ਚੁਫ਼ੇਰ
        ..........................
ਰਾਤ ਗਹਿਰੀ ਹੈ ਬੜੀ

..........................
..........................
..........................

ਏਸ
ਗਹਿਰੀ ਰਾਤ ਅੰਦਰ
ਤਾਰਿਆਂ ਵਿੱਚ
ਛਪਨ ਹੋਇਆ
ਉੱਡ ਰਿਹਾ ਪੰਛੀ ਕੋਈ
ਮੇਰਾ ਵਜੂਦ
ਦਿਸ ਰਿਹਾ ਮੈਨੂੰ ਕਿਉਂ?

ਘੁੰਗਰੂ ਵਿਚ ਘੁੰਮਦਾ-
ਹੈ ਆਦਮੀ
ਵਾਰ ਵਾਰ

ਵਾਰ ਵਾਰ
ਆਉਂਦੇ ਮੇਰੇ ਸਾਹਮਣੇ
ਚਿਹਰੇ ਅਨੇਕ
ਜਿਨ੍ਹਾਂ ਨੂੰ
ਮਿਲਿਆ ਨਹੀਂ ਹਾਂ ਮੈਂ ਕਦੇ
ਮੈਂ ਕਦੇ ਨਹੀਂ ਵੇਖਿਆ



ਕਲਪਨਾ ਮੇਰੀ ਹੈ
ਮੈਨੂੰ ਪੁੱਛਦੀ
ਵਾਰ ਵਾਰ
..........................
ਵਾਰ ਵਾਰ
ਅਸਮਾਨ ਅੰਦਰ
ਬੱਦਲਾਂ ਦੀ ਪਿੱਠ ਉੱਤੇ
ਦੌੜਦਾ ਦਿਸਦਾ ਹੈ ਦੈਂਤ
ਪਹਿਨ ਘੁੰਗਰੂ
ਨੱਚਦਾ... ਅਸਮਾਨ ਵਿੱਚ...
..........................
ਚੰਦ ਬਣ ਕੇ
ਬਣ ਕੇ ਸੂਰਜ
ਗੋਲਾਕਾਰ...
..........................
ਅੰਧਕਾਰ...
..........................
ਛਨ-ਛਨਾ-ਛਨ...

ਖੁਰ ਰਿਹਾ
ਅੱਖਾਂ 'ਚ ਮੇਰੇ
ਮੇਰੀਆਂ ਅੱਖਾਂ ਦਾ ਜੰਗਲ
ਮੇਰੀਆਂ ਅੱਖਾਂ 'ਚ ਟਪਕੇ
ਤਾਰਿਕਾ ਮੰਡਲ ਜਿਉਂ

ਚੰਦ
ਸੂਰਜ
ਬਣ ਬਣ ਕੇ
ਘੁੰਗਰੂ ਖੇਡਦੇ
ਲੁਕਣਮੀਟੀ ਮੇਰੇ ਅੰਦਰ
ਨਜ਼ਰ ਮੇਰੀ
ਆਸਥਾ
ਤੇ
ਕਲਪਨਾ...?
..........................
ਕਿਧਰੇ ਨਹੀਂ...
ਨੋਚ ਹੋ ਗਈ
ਇਹ ਚਿਰੋਕੀ-
..........................

ਮਨ ਦੀ ਬਾਰੀ
ਵਿਚੀਂ ਦਿਸਦਾ
ਦੂਰ ਦੁਮੇਲੀਂ ਬਲਦਾ ਬਾਗ਼...
..........................?
..........................?
ਫੁੱਲ ਪੱਤੀਆਂ ਦਾ
ਲਾਟਾਂ ਵਾਂਗੂੰ
ਬਲਣਾ
ਬੁਝਣਾ



..........................
..........................
ਇਹ ਸੁਪਨੇ ਦਾ
ਸਿਵਾ ਹੈ ਕੋਈ
ਸਾਹਾਂ ਅੰਦਰ
ਸੱਪ ਸ਼ੂਕਦਾ...
..........................
..........................
..........................
ਸ਼ੂਕੀ ਜਾਂਦਾ...
..........................
..........................

ਸੋਚ ਪਟਾਰੀ ਵਿਚੋਂ
ਸੁਪਨੇ ਖਾਰਜ ਕਰਕੇ
ਮਨ ਦੀ ਬਾਰੀ ਵਿਚੋਂ
ਨਜ਼ਰਾਂ ਲਾਂਭੇ ਕਰਕੇ
ਨਿਸ਼ਕਿਰਿਆਵੀ ਮੁੰਦਰਾ ਅੰਦਰ
ਜੀਣ ਥੀਣ ਦੇ
ਦਿਨ ਨੇ ਹਾਲਾਂ...?
..........................?
..........................?
..........................?
..........................?

ਦੂਰ ਹੁੰਦਾ ਜਾ ਰਿਹਾ ਹਾਂ
ਆਪਣੀ ਆਵਾਜ਼ ਤੋਂ....
... ਦੂਰ... ਦੂਰ
ਕਵਿਤਾ ਤੋਂ ਦੂਰ
ਮੁਹੱਬਤ ਤੋਂ ਦੂਰ
ਮਹਿਬੂਬ ਤੋਂ...
ਬੀਵੀ ਤੋਂ ਦੂਰ
ਘਰ ਤੋਂ
ਪਰਿਵਾਰ ਤੋਂ...
ਸ਼ਬਦ ਸੱਭਿਆਚਾਰ ਤੋਂ
..........................
ਇਹ ਦੂਰੀਆਂ...
ਹੀ ਦੂਰੀਆਂ
..........................
..........................
..........................
ਕੋਲ ਕਿਸ ਦੇ ਹੋ ਰਿਹਾ ਹਾਂ
ਦਿਨ-ਬ-ਦਿਨ...?

ਹਉਮੈ ਦੇ ਕੋਲ
ਕੋਲ ਮੈਂ ਦੇ
ਕੋਲ-
ਕੀਨੇ-ਸਾੜੇ ਦੇ ਕੋਲ



ਬਹੁਤ ਗੂੜ੍ਹੀ ਹੋ ਰਹੀ ਹੈ
ਦੋਸਤੀ—ਦਮਗਜ਼ੇ ਨਾਲ...
ਸੁਆਰਥ ਅਤੇ
ਨਿਰਾਰਥ ਦੋਵੇਂ-
ਮੇਰੇ ਨਾਲ...
..........................
..........................
ਮੇਰੀ ਨਜ਼ਰ ਤੋਂ ਦੂਰ ਨੇ
ਲਟ ਲਟ ਬਲਦੇ ਬੰਦੇ

ਧਰਮਾਂ ਧੜਿਆਂ
ਦੇ ਵਿੱਚ ਵੰਡੇ-
ਮੁੱਲ ਜੀਵਨ ਦੇ

ਰੰਗ
ਨਸਲ
ਤੇ
ਭਾਸ਼ਾ
ਵਾਲੇ ਕਵਚ ਪਹਿਨ ਕੇ
ਗਲੀ ਗਲੀ ਤਲਵਾਰ ਚਲਾਉਂਦੇ
ਨੋਟ-ਵੋਟ ਦੀ
ਬੰਦਗੀ ਕਰਦੇ
ਸ਼ਾਮ ਸਵੇਰੇ-

ਧੌਲ ਧਰਮ ਦੇ
ਨੀਤੀ ਵੇਤਾ
ਰਾਜ-ਭਾਗ ਦੀ ਪੌੜੀ ਚੜ੍ਹਦੇ—
ਹਰਿ ਹਰਿ ਕਰਦੇ
..........................
..........................
ਮੇਰੀ ਨਜ਼ਰ ਤੋਂ
ਦੂਰ ਨੇ ਸਾਰੇ...
..........................
ਵੋਟਾਂ-ਨੋਟਾਂ
ਦੀ ਖੜ ਖੜ ਤੱਕ
ਸਿਮਟੀ ਦੁਨੀਆ...

ਮੱਤ... ਪੱਖ... ਤੋਂ
ਪਾਸੇ ਰਹਿ ਕੇ
ਦੁਨੀਆਦਾਰ.....
ਹਨੇਰਾ ਢੋਂਦੇ
.....................
ਹੋ ਕੇ ਦੁਨੀਆ
ਤੋਂ ਨਿਰਲੇਪ...
ਹੋਂਦ ਆਪਣੀ
ਭਾਲਦਾ ਹੈ ਆਦਮੀ
? ? ? ? ? ? ? ? ? ? ? ?
........................................



........................................
ਸੰਭਵ ਨਹੀਂ!...

ਸੰਭਵ ਨਹੀਂ
ਹੁਣ ਭਾਲਣਾ ਖੁਦ ਆਪ ਨੂੰ
................................
................................
ਉਡੀਕਦੀ ਹੈ ਅੱਖ ਮੇਰੀ
ਨਜ਼ਰ ਤਾਈਂ...
ਨਜ਼ਰ ਨਹੀਉਂ ਪਰਤਦੀ...
ਮੇਰੀ ਅਜੇ...
ਮੇਰੀਆਂ ਅੱਖਾਂ ’ਚ ਹੈ
ਬਲੈਕ ਹੋਲ...
? ? ? ?
................................
................................
ਰੋਕਦਾ ਮੇਰੀ ਨਜ਼ਰ
ਭਸਮ ਕਰਦਾ
ਮੰਜ਼ਿਲਾਂ
ਸਭ ਰਸਤੇ...?
? ? ? ? ? ?
? ? ? ? ? ?
ਦੌੜ ਰਹੀਆਂ ਮੰਜ਼ਿਲਾਂ
ਤੈਰਦੇ ਸਭ ਮੰਚ

ਬਣ ਬਣ ਕਿਸ਼ਤੀਆਂ

ਦੂਰ ਗਹਿਰੇ ਸਾਗਰਾਂ ਵਿਚ
ਮਟਕ ਰਹੀਆਂ ਮੰਡੀਆਂ...
..............................
ਬਲੈਕ ਹੋਲ
..............................
ਮੇਰੇ ਚੁਫ਼ੇਰ
..............................
..............................
ਮੇਰੇ ਚੁਫ਼ੇਰ–
ਇਸ ਤਰ੍ਹਾਂ ਮੰਜ਼ਰ ਕਦੇ
ਨਾ ਤੱਕਿਆ
ਨਾ ਭੋਗਿਆ... ਇਤਿਹਾਸ ਨੇ
ਮਿਥਿਹਾਸ ਨੇ
..........................
..........................
ਕੀ ਹੈ ਇਹ?
..........................
..........................
ਸੁੰਞਾ ਬਸੀਮਾ ਨਜ਼ਰ ਦਾ?
..........................
..........................
? ? ? ? ? ? ? ? ?



ਮੰਡੀ ਮੰਡੀ
ਕੂਕਦੀ ਹੈ ਕਾਇਨਾਤ
..........................
..........................
ਨਜ਼ਰ ਮੇਰੀ...
ਭੰਬੂਤਾਰੇ...
ਨੱਚਦੇ ਘੁੰਗਰੂ ਚੁਫ਼ੇਰ...
ਬਲੈਕ ਹੋਲ...
ਮੰਡੀ
ਮੇਲਾ
ਘੁੰਗਰੂ

ਮੇਰੇ ਸਿਰ ’ਚ
ਧਸ ਰਹੀਆਂ ਨੇ
ਐਮ ਐਨ ਸੀਜ਼
ਅੱਗ ਲੈਣ ਆਈਆਂ ਨੇ ਫੇਰ

ਘਰ ... ਦਰ
ਦੀਵਾਰਾਂ ... ਦੇਸ਼
ਸੱਤਾ ... ਸੰਸਕ੍ਰਿਤੀ
ਸੋਚ ... ਸੁਪਨੇ
ਸੱਭਿਅਤਾ ... ਸੱਭਿਆਚਾਰ
ਸੰਕੇਤ ... ਸ਼ਬਦ
ਜਜ਼ਬੇ ... ਭੁੱਖ

ਤਨ ... ਮਨ
ਦੁੱਖ ... ਸੁੱਖ

ਸੰਕਲਪ ਸਾਰੇ
ਬਦਲ ਰਹੇ
ਬਦਲ ਰਹੀ ਹੈ ਪਰਿਭਾਸ਼ਾ
ਪੈਦਾਵਾਰ ਦੀ
ਵਸਤਾਂ ਦੀ
ਜਿਣਸਾਂ ਦੀ

ਭਾਸ਼ਾ ਬਦਲ ਰਹੀ ਹੈ
ਰਿਸ਼ਤਿਆਂ ਦੀ
ਸਰਮਾਏ ਦੀ
ਉਜਰਤਾਂ ਦੀ...

ਪੇਟੈਂਟ ਹੋ ਰਹੀਆਂ
ਬੇਬਸੀਆਂ
ਬੇਚੈਨੀਆਂ
ਉਦਾਸੀਆਂ

ਹਾਸ਼ੀਏ 'ਤੇ ਵਸਦੀ
ਲੋਕਾਈ ਲਈ
ਰਾਖਵਾਂ ਹੁਣ ਦਰਦ ਹੋਇਆ
ਰੋਣ ਹੋਇਆ...



ਮਾਸਕੋ-ਬੀਜਿੰਗ-ਵਸ਼ਿੰਗਟਨ
ਮੰਡੀਆਂ ਦੇ ਮੰਡਪਾਂ 'ਚੋਂ
ਭਾਲਦੇ ਫਿਰ ਫਲਸਫ਼ੇ...
ਅੱਗੇ ਅੱਗੇ ਦੌੜਦੇ
ਇਹ ਫਲਸਫ਼ੇ...
ਬੇਤਹਾਸ਼ਾ...
ਦੌੜ ਲੱਗੀ...
ਫਲਸਫ਼ਾ...
ਦੌੜ...
ਠਹਿਰਾਉ...
........................
ਦੌੜਦੀ ਇਸ ਨਜ਼ਰ ਦਾ
ਠਹਿਰਾਉ ਕਿੱਥੇ?

ਬਦਲ ਰਹੀ ਹੈ ਪਰਿਭਾਸ਼ਾ
ਸੱਤਾ ਦੀ...
ਸੰਸਕ੍ਰਿਤੀ ਦੀ...
ਸੁਪਨਿਆਂ ਦੀ...
........................
........................
........................
●●